# ਕੈਨੇਡਾ ਵਿੱਚ ਪੀੜ੍ਹਤਾਂ ਦੇ ਅਧਿਕਾਰ

## ਗਵਾਹੀ ਸੰਬੰਧੀ ਸਹਾਇਤਾਵਾਂ

### ਗਵਾਹੀ ਸੰਬੰਧੀ ਸਹਾਇਤਾਵਾਂ (testimonial aids) ਕੀ ਹਨ?

*ਕ੍ਰਿਮੀਨਲ ਕੋਡ* ਵਿੱਚ ਪੀੜਤਾਂ ਅਤੇ ਗਵਾਹਾਂ ਲਈ ਅਦਾਲਤ ਦੀ ਕਾਰਵਾਈ ਵਿੱਚ ਉਨ੍ਹਾਂ ਦੀ ਗਵਾਹੀ ਦੇਣਾ ਸੌਖਾ ਬਣਾਉਣ ਲਈ ਬਹੁਤ ਸਾਰੇ ਪ੍ਰਬੰਧ ਹਨ। ਗਵਾਹੀ ਸੰਬੰਧੀ ਸਹਾਇਤਾਵਾਂ ਵਿੱਚ ਸ਼ਾਮਲ ਹਨ:

- ਪੀੜਤਾਂ ਅਤੇ ਗਵਾਹਾਂ ਨੂੰ ਕੋਰਟਰੂਮ ਦੇ ਬਾਹਰ **ਕਲੋਜ਼ਡ-ਸਰਕਟ ਟੀਵੀ (closed-circuit TV)** ਰਾਹੀਂ ਜਾਂ ਕੋਰਟਰੂਮ ਦੇ ਅੰਦਰ ਪਰ ਇੱਕ **ਸਕ੍ਰੀਨ** ਦੇ ਪਿੱਛੇ ਗਵਾਹੀ ਦੇਣ ਦੀ ਦੀ ਇਜਾਜ਼ਤ ਦੇਣਾ ਜੋ ਉਨ੍ਹਾਂ ਨੂੰ ਦੋਸ਼ੀ ਨੂੰ ਨਾ ਵੇਖ ਦੀ ਆਗਿਆ ਦੇਵੇਗਾ।
- ਗਵਾਹੀ ਦਿੰਦੇ ਸਮੇਂ ਉਨ੍ਹਾਂ ਨੂੰ ਵਧੇਰੇ ਸੁਖਾਵਾਂ ਮਹਿਸੂਸ ਕਰਵਾਉਣ ਲਈ ਪੀੜਤਾਂ ਅਤੇ ਗਵਾਹਾਂ ਲਈ ਕਿਸੇ **ਸਹਾਇਕ ਵਿਅਕਤੀ** ਨੂੰ ਹਾਜ਼ਰ ਹੋਣ ਦੀ ਇਜਾਜ਼ਤ ਦੇਣਾ।

ਹੋਰ ਉਪਾਅ ਜੋ ਗਵਾਹਾਂ ਲਈ ਉਪਲਬਧ ਹੋ ਸਕਦੇ ਹਨ, ਅਤੇ ਜੋ ਉਹਨਾਂ ਲਈ ਆਪਣੀ ਗਵਾਹੀ ਦੇਣ ਨੂੰ ਸੌਖਾ ਬਣਾਉਣ ਵਿੱਚ ਸਹਾਇਤਾ ਕਰ ਸਕਦੇ ਹਨ, ਵਿੱਚ ਸ਼ਾਮਲ ਹਨ:

- ਜਦੋਂ ਦੋਸ਼ੀ ਆਪਣੀ ਪ੍ਰਤੀਨਿਧਤਾ ਆਪ ਕਰਦਾ ਹੈ, ਤਾਂ ਗਵਾਹਾਂ ਦੀ ਜਿਰ੍ਹਾ (cross-examine) ਕਰਨ ਲਈ ਇੱਕ **ਵਕੀਲ ਨਿਯੁਕਤ ਕਰਨਾ।**
- **ਜਨਤਾ ਦੇ ਕੁਝ ਜਾਂ ਸਾਰੇ ਮੈਂਬਰਾਂ ਨੂੰ** ਸਾਰੀਆਂ ਅਦਾਲਤੀ ਕਾਰਵਾਈਆਂ ਜਾਂ ਉਨ੍ਹਾਂ ਦੇ ਕੁਝ ਹਿੱਸੇ ਦੇ ਦੌਰਾਨ **ਕੋਰਟਰੂਮ ਵਿੱਚੋਂ ਬਾਹਰ ਰੱਖਣਾ** ਜਾਂ ਗਵਾਹ ਨੂੰ ਆਪਣੀ ਗਵਾਹੀ **ਇੱਕ ਸਕ੍ਰੀਨ ਜਾਂ ਕਿਸੇ ਹੋਰ ਉਪਕਰਣ, ਜੋ ਗਵਾਹ ਨੂੰ ਜਨਤਾ ਦੁਆਰਾ ਦੇਖੇ ਜਾਣ ਨੂੰ ਰੋਕਦਾ ਹੈ, ਦੇ ਪਿੱਛੋਂ ਦੇਣ ਦੀ ਆਗਿਆ ਦੇਣਾ।**

### ਪੀੜਤ ਦਾ ਹੱਕ!

*ਕਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* 23 ਜੁਲਾਈ 2015 ਨੂੰ ਲਾਗੂ ਹੋਇਆ ਸੀ। ਇਹ ਐਕਟ ਹਰ ਪੀੜਤ ਨੂੰ ਉਨ੍ਹਾਂ ਦੀ ਸੁਰੱਖਿਆ ਬਾਰੇ ਵਿਚਾਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਧਮਕਾਏ ਜਾਣ ਅਤੇ ਬਦਲਾ ਲਏ ਜਾਣ ਤੋਂ ਬਚਾਉਣ ਦੇ ਉਚਿਤ ਅਤੇ ਲੋੜੀਂਦੇ ਉਪਾਵਾਂ ਦਾ ਅਧਿਕਾਰ ਦਿੰਦਾ ਹੈ। ਅਪਰਾਧ ਦੇ ਪੀੜਤਾਂ ਨੂੰ ਵੀ ਅਦਾਲਤ ਵਿੱਚ ਗਵਾਹ ਵਜੋਂ ਗਵਾਹੀ ਦੇਣ ਵੇਲੇ ਗਵਾਹੀ ਸੰਬੰਧੀ ਸਹਾਇਤਾਵਾਂ ਲਈ ਬੇਨਤੀ ਕਰਨ ਦਾ ਅਧਿਕਾਰ ਵੀ ਹੈ। ਇਹ ਅਧਿਕਾਰ ਪੀੜਤ ਦੀ ਸੁਰੱਖਿਆ ਦੇ ਅਧਿਕਾਰ ਦਾ ਹਿੱਸਾ ਹਨ।

### ਗਵਾਹੀ ਸੰਬੰਧੀ ਸਹਾਇਤਾ ਕੌਣ ਪ੍ਰਾਪਤ ਕਰ ਸਕਦਾ ਹੈ?

ਪੀੜਤ ਜਾਂ ਗਵਾਹ ਸਰਕਾਰੀ ਵਕੀਲ ਤੋਂ ਗਵਾਹੀ ਸੰਬੰਧੀ ਸਹਾਇਤਾ ਮੰਗ ਸਕਦਾ ਹੈ। ਫਿਰ ਸਰਕਾਰੀ ਵਕੀਲ ਕਾਰਵਾਈ ਤੋਂ ਪਹਿਲਾਂ ਜਾਂ ਉਸ ਦੇ ਦੌਰਾਨ ਕਿਸੇ ਵੀ ਸਮੇਂ ਅਦਾਲਤ ਤੋਂ ਇਹਨਾਂ ਵਿਸ਼ੇਸ਼ ਸੁਰੱਖਿਆਵਾਂ ਲਈ ਮੰਗ ਕਰ ਸਕਦਾ ਹੈ। ਪੀੜਤ ਜਾਂ ਗਵਾਹ ਸਿੱਧਾ ਅਦਾਲਤ ਤੋਂ ਵੀ ਗਵਾਹੀ ਸੰਬੰਧੀ ਸਹਾਇਤਾਵਾਂ ਦੀ ਮੰਗ ਕਰ ਸਕਦਾ ਹੈ।




Government of Canada Gouvernement du Canada

Canada

## ਅਦਾਲਤ ਕਿਵੇਂ ਫੈਸਲਾ ਕਰਦੀ ਹੈ ਕਿ ਗਵਾਹੀ ਸੰਬੰਧੀ ਸਹਾਇਤਾਵਾਂ ਦਾ ਆਦੇਸ਼ ਦੇਣਾ ਹੈ ਜਾਂ ਨਹੀਂ?

ਅਦਾਲਤ ਇੰਨ੍ਹਾਂ ਤੇ ਵਿਚਾਰ ਕਰੇਗੀ:

- ਗਵਾਹ ਦੀ ਉਮਰ;
- ਅਪਰਾਧ ਦੀ ਪ੍ਰਕਿਰਤੀ;
- ਗਵਾਹੀ ਸੰਬੰਧੀ ਸਹਾਇਤਾ ਜਾਂ ਹੋਰ ਉਪਾਅ ਜਿਸ ਦੀ ਬੇਨਤੀ ਕੀਤੀ ਜਾਂਦੀ ਹੈ ਦੀ ਕਿਸਮ; ਅਤੇ
- ਹੋਰ ਕਾਰਕ, ਜਿਵੇਂ ਕਿ ਜੁਰਮ ਦੀ ਰਿਪੋਰਟਿੰਗ ਨੂੰ ਉਤਸ਼ਾਹਤ ਕਰਨ ਵਿੱਚ ਸਮਾਜ ਦੀ ਦਿਲਚਸਪੀ ਜਾਂ ਨਿਰਪੱਖ ਮੁਕੱਦਮੇ ਲਈ ਦੋਸ਼ੀ ਵਿਅਕਤੀ ਦਾ ਅਧਿਕਾਰ।

## ਗਵਾਹੀ ਸੰਬੰਧੀ ਸਹਾਇਤਾਵਾਂ

**ਅਠਾਰਾਂ ਸਾਲ ਤੋਂ ਘੱਟ ਉਮਰ** ਦੇ ਪੀੜਤ ਅਤੇ ਗਵਾਹ ਜਾਂ ਅਜਿਹੀ ਮਾਨਸਿਕ ਜਾਂ ਸਰੀਰਕ ਅਪਾਹਜਤਾ ਵਾਲਾ ਕੋਈ ਵੀ ਗਵਾਹ, ਜਿਹੜੀ ਉਨ੍ਹਾਂ ਲਈ ਗਵਾਹੀ ਦੇਣਾ ਮੁਸ਼ਕਲ ਬਣਾਉਂਦੀ ਹੈ, ਨੂੰ ਬੇਨਤੀ ਕੀਤੇ ਜਾਣ ਤੇ **ਗਵਾਹੀ ਸੰਬੰਧੀ ਸਹਾਇਤਾਵਾਂ** ਪ੍ਰਾਪਤ ਹੋਣਗੀਆਂ। ਅਦਾਲਤ ਲਈ ਸਹਾਇਤਾ ਦੀ ਵਰਤੋਂ ਨੂੰ ਮਨਜੂਰ ਕਰਨਾ ਲਾਜ਼ਮੀ ਹੈ ਜਦੋਂ ਤੱਕ ਅਦਾਲਤ ਨੂੰ ਵਿਸ਼ਵਾਸ ਹੈ ਕਿ ਉਹ ਨਿਆਂ ਦੇ ਸਹੀ ਪ੍ਰਬੰਧਨ ਵਿੱਚ ਦਖਲ ਦੇਵੇਗਾ, ਉਦਾਹਰਣ ਦੇ ਤੌਰ ਤੇ, ਦੋਸ਼ੀ ਵਿਅਕਤੀ ਦੇ ਨਿਰਪੱਖ ਮੁਕੱਦਮੇ ਦੇ ਅਧਿਕਾਰਾਂ ਨੂੰ ਪ੍ਰਭਾਵਤ ਕਰਕੇ।

**ਹੋਰ ਪੀੜਤਾਂ ਅਤੇ ਗਵਾਹਾਂ** ਨੂੰ ਗਵਾਹੀ ਸੰਬੰਧੀ ਸਹਾਇਤਾ ਪ੍ਰਾਪਤ ਹੋ ਸਕਦੀ ਹੈ ਜੇ ਅਦਾਲਤ ਦਾ ਮੰਨਣਾ ਹੈ ਕਿ ਉਹ ਪੀੜਤ ਜਾਂ ਗਵਾਹ ਲਈ ਪੂਰੀ ਅਤੇ ਇਮਾਨਦਾਰੀ ਨਾਲ ਗਵਾਹੀ ਦੇਣਾ ਜਾਂ ਨਿਆਂ ਦੀ ਸੇਵਾ ਕਰਨਾ ਸੌਖਾ ਬਣਾ ਦੇਵੇਗਾ। ਅਦਾਲਤ ਗਵਾਹ ਦੀ ਉਮਰ, ਅਪਰਾਧ ਦੀ ਪ੍ਰਕਿਰਤੀ, ਗਵਾਹ ਅਤੇ ਦੋਸ਼ੀ ਦੇ ਵਿਚਕਾਰ ਕਿਸੇ ਵੀ ਰਿਸ਼ਤੇ ਦੀ ਪ੍ਰਕਿਰਤੀ, ਅਤੇ ਕੀ ਗਵਾਹ ਦੀ ਸੁਰੱਖਿਆ ਦੇ ਲਈ ਗਵਾਹੀ ਸੰਬੰਧੀ ਸਹਾਇਤਾ ਦੀ ਲੋੜ ਹੈ ਵਰਗੇ ਕਾਰਕਾਂ ‘ਤੇ ਵਿਚਾਰ ਕਰੇਗੀ। ਤੁਸੀਂ ਕਾਰਕਾਂ ਦੀ ਪੂਰੀ ਸੂਚੀ *ਕ੍ਰਿਮੀਨਲ ਕੋਡ* ਦੀ ਧਾਰਾ 486.1 ਅਤੇ 486.2 ਵਿੱਚ ਦੇਖ ਸਕਦੇ ਹੋ।

## ਵਕੀਲ ਦੀ ਨਿਯੁਕਤੀ

ਅਪਰਾਧ ਦੇ ਸ਼ਿਕਾਰ ਲੋਕਾਂ ਨੂੰ ਉਨ੍ਹਾਂ ਨੂੰ ਧਮਕਾਏ ਜਾਣ ਜਾਂ ਬਦਲਾ ਲਏ ਤੋਂ ਬਚਾਉਣ ਲਈ ਉਚਿਤ ਅਤੇ ਲੋੜੀਂਦੇ ਉਪਾਅ ਕੀਤੇ ਜਾਣ ਦਾ ਅਧਿਕਾਰ ਹੈ। ਕੁਝ ਮੌਕਿਆਂ ਤੇ, ਇਹ ਸੰਭਵ ਹੈ ਕਿ ਇੱਕ ਪੀੜਤ ਜੋ ਕਿ ਗਵਾਹ ਹੈ, ਇੱਕ ਦੋਸ਼ੀ ਦੁਆਰਾ ਡਰਾਇਆ ਮਹਿਸੂਸ ਕਰ ਸਕਦਾ ਹੈ ਜੋ ਅਦਾਲਤ ਵਿੱਚ ਉਨ੍ਹਾਂ ਦੇ ਆਪਣੇ ਵਕੀਲ ਵਜੋਂ ਕੰਮ ਕਰਦਾ ਹੈ ਅਤੇ ਫਿਰ ਪੀੜਤ ਨੂੰ ਇੱਕ ਗਵਾਹ ਵਜੋਂ ਪੁੱਛਗਿੱਛ ਕਰ ਸਕਦਾ ਹੈ। ਅਰਜ਼ੀ ਦੇਣ ‘ਤੇ, ਅਦਾਲਤ ਉਸਦੀ ਬਜਾਏ ਪੀੜਤ ਦੀ ਜਿਰ੍ਹਾ ਕਰਨ ਲਈ ਇੱਕ ਵਕੀਲ ਨਿਯੁਕਤ ਕਰ ਸਕਦੀ ਹੈ।

**ਪੀੜਤਾਂ ਸਮੇਤ, ਸਾਰੇ ਗਵਾਹ, ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ ਜਾਂ ਅਪਰਾਧਿਕ ਤੌਰ ਤੇ ਪਰੇਸ਼ਾਨ ਕੀਤੇ ਜਾਣ, ਜਿਨਸੀ ਹਮਲੇ, ਹਥਿਆਰ ਨਾਲ ਜਿਨਸੀ ਹਮਲੇ ਜਾਂ ਵਧੇ ਹੋਏ ਜਿਨਸੀ ਹਮਲੇ ਦਾ ਕੋਈ ਵੀ ਸ਼ਿਕਾਰ** , ਅਦਾਲਤ ਨੂੰ **ਜਿਰ੍ਹਾ ਕਰਨ ਲਈ ਵਕੀਲ ਨਿਯੁਕਤ ਕਰਨ** ਲਈ ਕਹਿ ਸਕਦੇ ਹਨ ਜਦੋਂ ਦੋਸ਼ੀ ਉਨ੍ਹਾਂ ਦੇ ਆਪਣੇ ਵਕੀਲ ਦੇ ਤੌਰ ਤੇ ਕੰਮ ਕਰਦਾ ਹੈ। ਅਦਾਲਤ ਲਈ ਇਹ ਸੁਰੱਖਿਆ ਮਨਜੂਰ ਕਰਨਾ ਜ਼ਰੂਰੀ ਹੈ ਜਦੋਂ ਤੱਕ ਉਹ ਮੰਨਦੀ ਹੈ ਕਿ ਨਿਆਂ ਦੇ ਸਹੀ ਪ੍ਰਬੰਧਨ ਲਈ ਦੋਸ਼ੀ ਨੂੰ ਗਵਾਹ ਤੋਂ ਪੁੱਛਗਿੱਛ ਕਰਨ ਦੀ ਲੋੜ ਹੈ।

**ਉਹ ਗਵਾਹ ਜਿਹੜੇ ਪੀੜਤ ਹਨ ਸਮੇਤ ਹੋਰ ਗਵਾਹ** ਅਦਾਲਤ ਨੂੰ ਜਿਰ੍ਹਾ ਲਈ ਵਕੀਲ ਨਿਯੁਕਤ ਕਰਨ ਲਈ ਕਹਿ ਸਕਦੇ ਹਨ ਜੇ ਅਦਾਲਤ ਨੂੰ ਵਿਸ਼ਵਾਸ ਹੈ ਕਿ ਇਹ ਉਨ੍ਹਾਂ ਨੂੰ ਪੂਰੀ ਅਤੇ ਨਿਰਪੱਖ ਗਵਾਹੀ ਦੇਣ ਦੀ ਆਗਿਆ ਦੇਵੇਗਾ ਜਾਂ ਉਹ ਉਂਝ ਨਿਆਂ ਦੇ ਸਹੀ ਪ੍ਰਸ਼ਾਸਨ ਦੇ ਹਿੱਤ ਵਿੱਚ ਹੋਵੇਗਾ। ਅਦਾਲਤ ਗਵਾਹ ਦੀ ਉਮਰ, ਅਪਰਾਧ ਦੀ ਪ੍ਰਕਿਰਤੀ, ਗਵਾਹ ਅਤੇ ਦੋਸ਼ੀ ਦੇ ਵਿਚਕਾਰ ਕਿਸੇ ਵੀ ਰਿਸ਼ਤੇ ਦੀ ਪ੍ਰਕਿਰਤੀ, ਅਤੇ ਕੀ ਗਵਾਹ ਦੀ ਸੁਰੱਖਿਆ ਦੇ ਲਈ ਜਾਂ ਉਨ੍ਹਾਂ ਨੂੰ ਧਮਕਾਏ ਜਾਣ ਜਾਂ ਬਦਲਾ ਲਏ ਜਾਣ ਤੋਂ ਬਚਾਉਣ ਲਈ ਆਦੇਸ਼ ਦੀ ਜ਼ਰੂਰਤ ਹੈ ਵਰਗੇ ਕਾਰਕਾਂ ‘ਤੇ ਵਿਚਾਰ ਕਰੇਗੀ।

ਕਾਰਕਾਂ ਦੀ ਪੂਰੀ ਸੂਚੀ *ਕ੍ਰਿਮੀਨਲ ਕੋਡ* ਦੀ ਧਾਰਾ 486.3 ਵਿੱਚ ਪਾਈ ਜਾ ਸਕਦੀ ਹੈ।

## ਬਾਹਰ ਰੱਖੇ ਜਾਣ ਦੇ ਆਦੇਸ਼ (Exclusion Orders)

ਅਦਾਲਤ ਜਨਤਾ ਦੇ **ਕੁਝ ਜਾਂ ਸਾਰੇ ਮੈਂਬਰਾਂ ਨੂੰ ਕੁਝ ਜਾਂ ਸਾਰੀਆਂ ਕਾਰਵਾਈਆਂ ਤੋਂ ਬਾਹਰ ਰੱਖ ਕੇ ਆਦੇਸ਼ ਦੇ ਸਕਦੀ ਹੈ।** ਅਦਾਲਤ ਗਵਾਹ ਨੂੰ **ਇੱਕ ਸਕ੍ਰੀਨ ਜਾਂ ਹੋਰ ਉਪਕਰਣ, ਜੋ ਗਵਾਹ ਨੂੰ ਲੋਕਾਂ ਦੁਆਰਾ ਵੇਖੇ ਜਾਣ ਤੋਂ ਰੋਕਦਾ ਹੈ**, ਦੇ ਪਿੱਛੋਂ ਆਪਣੀ ਗਵਾਹੀ ਦੇਣ ਦੀ ਇਜਾਜ਼ਤ ਦਿੰਦਾ ਹੋਇਆ ਆਦੇਸ਼ ਵੀ ਦੇ ਸਕਦੀ ਹੈ। ਦੋਵਾਂ ਵਿੱਚੋਂ ਕੋਈ ਵੀ ਆਦੇਸ਼ ਦੇਣ ਵੇਲੇ, ਅਦਾਲਤ ਅਪਰਾਧਾਂ ਦੀ ਰਿਪੋਰਟਿੰਗ ਨੂੰ ਉਤਸ਼ਾਹਤ ਕਰਨ, 18 ਸਾਲ ਤੋਂ ਘੱਟ ਉਮਰ ਦੇ ਗਵਾਹਾਂ ਦੇ ਹਿੱਤਾਂ ਦੀ ਨਿਗਰਾਨੀ ਕਰਨ, ਕੀ ਗਵਾਹ ਦੀ ਸੁਰੱਖਿਆ ਲਈ ਆਦੇਸ਼ ਦੀ ਜ਼ਰੂਰਤ ਹੈ ਅਤੇ ਕੀ ਗਵਾਹ ਬਾਹਰ ਰੱਖੇ ਜਾਣ ਦੇ ਆਦੇਸ਼ ਤੋਂ ਬਿਨਾਂ ਉਸਦੀ ਗਵਾਹੀ ਦੇਣ ਦੇ ਯੋਗ ਹੋਵੇਗਾ ਜਾਂ ਨਹੀਂ ਵਰਗੇ ਕਾਰਕਾਂ 'ਤੇ ਵਿਚਾਰ ਕਰੇਗੀ।

ਕਾਰਕਾਂ ਦੀ ਪੂਰੀ ਸੂਚੀ *ਕ੍ਰਿਮੀਨਲ* ਕੋਡ ਦੀ ਧਾਰਾ 486 ਵਿੱਚ ਪਾਈ ਜਾ ਸਕਦੀ ਹੈ।

## ਕੀ ਦੋਸ਼ੀ ਵਿਅਕਤੀ ਇਹਨਾਂ ਵਿੱਚੋਂ ਕਿਸੇ ਵੀ ਉਪਾਅ ਦੀ ਵਰਤੋਂ 'ਤੇ ਇਤਰਾਜ਼ ਕਰ ਸਕਦਾ ਹੈ?

ਇਹ ਉਪਾਅ ਦੋਸ਼ੀ ਵਿਅਕਤੀਆਂ ਦੇ ਅਧਿਕਾਰਾਂ ਦਾ ਆਦਰ ਕਰਦੇ ਹੋਏ ਉਨ੍ਹਾਂ ਪੀੜਤਾਂ ਦੀ ਉਨ੍ਹਾਂ ਦੀ ਗਵਾਹੀ ਦੇਣ ਵਿੱਚ ਸਹਾਇਤਾ ਕਰਦੇ ਹਨ ਜੋ ਗਵਾਹ ਹਨ। ਕੁਝ ਕੇਸਾਂ ਵਿੱਚ, ਇਹ ਯਕੀਨੀ ਬਣਾਉਣ ਲਈ ਕਿ ਦੋਸ਼ੀ ਵਿਅਕਤੀ ਦੇ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ, ਅਦਾਲਤ ਇਹਨਾਂ ਵਿਸ਼ੇਸ਼ ਸੁਰੱਖਿਆਵਾਂ ਦੀ ਵਰਤੋਂ ਤੋਂ ਇਨਕਾਰ ਕਰ ਸਕਦੀ ਹੈ ਜਾਂ ਉਨ੍ਹਾਂ ਨੂੰ ਸੀਮਤ ਕਰ ਸਕਦੀ ਹੈ।

## ਕੀ ਗਵਾਹੀ ਸੰਬੰਧੀ ਸਹਾਇਤਾਵਾਂ ਨਵੀਆਂ ਹਨ?

ਗਵਾਹੀ ਸੰਬੰਧੀ ਸਹਾਇਤਾਵਾਂ 1988 ਤੋਂ *ਕ੍ਰਿਮੀਨਲ* ਕੋਡ ਦਾ ਹਿੱਸਾ ਰਹੀਆਂ ਹਨ। ਪੀੜਤਾਂ ਅਤੇ ਗਵਾਹਾਂ ਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਲਈ ਉਨ੍ਹਾਂ ਨੂੰ ਹਾਲ ਹੀ *ਵਿੱਚ ਕਨੇਡੀਅਨ ਵਿਕਟਿਮਸ ਬਿੱਲ ਆਫ* ਰਾਈਟਸ ਦੇ ਹਿੱਸੇ ਵਜੋਂ 2015 ਵਿੱਚ ਸੋਧਿਆ ਗਿਆ ਸੀ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

**http://www.justice.gc.ca/eng/cj-jp/victims-victimes/vsd-rsv/index.html**

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44822-0
Cat. No. J2-412/2-2023Pan-PDF